## ਉਪ-ਕੁਲਪਤੀ ਪ੍ਰੋ. ਰਾਜਕੁਮਾਰ ਦੇ ਗਣਤੰਤਰ ਦਿਵਸ ਦੇ ਭਾਸ਼ਣ ਦੇ ਕੁਝ ਨੁਕਤੇ

- ਸਭ ਤੋਂ ਪਹਿਲਾਂ ਮੈਂ ਦੇਸ਼ ਦੇ 70ਵੇਂ ਗਣਤੰਤਰ ਦਿਵਸ ਦੇ ਸ਼ੁਭ ਦਿਹਾੜੇ ’ਤੇ ਸਭ ਨੂੰ ਵਧਾਈ ਦਿੰਦਾ ਹਾਂ ਤੇ ਨਵੇਂ ਸਾਲ ਲਈ ਸ਼ੁਭਕਾਮਨਾਵਾਂ ਦਿੰਦਾ ਹਾਂ।
- ਇਹੋ ਮੌਕਾ ਹੈ ਜਿੱਥੇ ਇੱਕ ਪਾਸੇ ਸਾਨੂੰ ਆਪਣੇ ਮਹਾਨ ਅਤੀਤ ਅਤੇ ਲੋਕਤੰਤਰੀ ਪਰੰਪਰਾਵਾਂ ਨੂੰ ਯਾਦ ਕਰਕੇ ਮਾਣ ਮਹਿਸੂਸ ਕਰਨਾ ਚਾਹੀਦਾ ਹੈ, ਉਥੇ ਦੂਜੇ ਪਾਸੇ ਸਾਨੂੰ ਆਪਣੀਆਂ ਰਵਾਇਤਾਂ ਨੂੰ ਹੋਰ ਉੱਚਾ ਚੁੱਕਣ ਦਾ ਸੰਕਲਪ ਵੀ ਧਾਰਨ ਕਰਨਾ ਚਾਹੀਦਾ ਹੈ।
- ਸਾਨੂੰ ਸਾਰਿਆਂ ਨੂੰ ਪੰਜਾਬ ਯੂਨੀਵਰਸਿਟੀ ਜਿਹੀ ਇੱਕ ਮਹਾਨ ਸੰਸਥਾ ਦਾ ਹਿੱਸਾ ਹੋਣ ਕਰਕੇ ਇਸਦੀ ਵਿਰਾਸਤ ਤੇ ਮਾਣ ਹੋਣਾ ਚਾਹੀਦਾ ਹੈ। ਤਸੀਂ ਸਾਰੇ ਜਾਣਦੇ ਹ ਕਿ **ਯੂ.ਐਸ. ਨਿਊਜ਼ ਐਂਡ ਰਿਪੋਰਟ ਰੈਂਕਿੰਗ** - 2019 ਦੇ ਅਨੁਸਾਰ ਸਾਡੀ ਯਨੀਵਰਸਿਟੀ ਦੇ ਸਰਵੋੱਤਮ ਯੂਨੀਵਰਸਿਟੀ ਹੋਣ ਦਾ ਐਲਾਨ ਕੀਤਾ ਗਿਆ ਹੈ। ‘ਸ਼ਿਖਰ ਤੇ ਪਹੁੰਚਣ ਨਾਲੋਂ ਵੀ ਜ਼ਿਆਦਾ ਮੁਸ਼ਕਿਲ ਹੁੰਦਾ ਹੈ, ਸ਼ਿਖਰ ਤੇ ਟਿਕੇ ਰਹਿਣਾ’। ਯੂਨੀਵਰਸਿਟੀ ਦੀ ਇਸ ਸ਼ਾਨ ਅਤੇ ਮਾਣ ਨੂੰ ਬਣਾਏ ਰੱਖਣ ਲਈ, ਹਰ ਇੱਕ ਵਿਦਿਆਰਥੀ, ਅਧਿਆਪਕ, ਕਰਮਚਾਰੀ ਅਤੇ ਅਧਿਕਾਰੀ ਨੂੰ ਆਪਣਾ ਯੋਗਦਾਨ ਦੇਣਾ ਪਵੇਗਾ। ਇਸ ਪਰਿਵਾਰ ਦਾ ਮੁਖੀ ਹੋਣ ਦੇ ਨਾਤੇ ਮੈਂ ਤੁਹਾਨੂੰ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਮੈਂ ਇਸ ਮਿਸ਼ਨ ਵਿਚ ਤੁਹਾਡੇ ਮੋਢੇ ਨਾਲ ਮੋਢਾ ਜੋੜ ਕੇ ਤੁਹਾਡੇ ਨਾਲ ਖੜ੍ਹਾ ਹਾਂ। ਯਨੀਵਰਸਿਟੀ ਦੇ ਹਰ ਖੇਤਰ ਦੇ ਵਿਕਾਸ ਲਈ ਮੈਂ ਵਾਈਸ ਚਾਂਸਲਰ ਦੇ ਰੂਪ ਵਿਚ ਪ੍ਰਤੀਬੱਧ ਹਾਂ।
- ਸਾਡੇ ਵਿਦਿਆਰਥੀ ਸਾਡੇ ਲਈ ਸਭ ਤੋਂ ਅਹਿਮ ਹਨ। ਇਹਨਾਂ ਦੇ ਹੱਥ ਵਿਚ ਹੀ ਇਸ ਯੂਨੀਵਰਸਿਟੀ ਅਤੇ ਦੇਸ਼ ਦੀ ਵਾਗ-ਡੋਰ ਹੋਵੇਗੀ। ਸਾਡੇ ਵਿਦਿਆਰਥੀ ਹਰ ਖੇਤਰ ਵਿਚ ਹਮੇਸ਼ਾ ਅੱਗੇ ਰਹੇ ਹਨ ਅਤੇ ਇਹਨਾਂ ਨੇ ਯਨੀਵਰਸਿਟੀ ਦਾ ਨਾਮ ਹਮੇਸ਼ਾ ਰੋਸ਼ਨ ਕੀਤਾ ਹੈ। ਸਾਨੂੰ ਇਹਨਾਂ ਦੀਆਂ ਪ੍ਰਾਪਤੀਆਂ ਤੇ ਨਾਜ਼ ਹੈ। ਅੱਜ ਸਾਡੇ ਐਨ.ਐਸ.ਐਸ. ਕੈਡੇਟ ਸ਼ਾਮ ਨਵੀਂ ਦਿੱਲੀ ਵਿਚ ਹੋ ਰਹੀ ਗਣਤੰਤਰ ਦਿਵਸ ਦੀ ਪਰੇਡ ਵਿਚ ਭਾਗ ਲੈ ਰਹੇ ਹਨ।
- ਮੈਂ ਉਪ-ਕੁਲਪਤੀ ਦੇ ਅਹੁਦੇ ਨੂੰ ਸੰਭਾਲਣ ਤੋਂ ਬਾਅਦ, ਪਿਛਲੇ ਛੇ ਮਹੀਨਿਆਂ ਦੌਰਾਨ ਵਿਦਿਆਰਥੀਆਂ ਨਾਲ ਸਿੱਧਾ ਸੰਵਾਦ ਕਾਇਮ ਕੀਤਾ ਹੈ ਅਤੇ ਉਹਨਾਂ ਦੀਆਂ ਮੁਸ਼ਕਿਲਾਂ ਨੂੰ ਸਮਝਿਆ ਹੈ। ਆਪਣੇ ਹੋਸਟਲਾਂ ਹੋਰ ਬਹਿਤਰ ਬਣਾਉਣ ਦਾ ਯਤਨ ਕੀਤਾ ਹੈ। ਅੱਜ ਤਸੀਂ ਇਹ ਫ਼ਰਕ ਸਹਿਜੇ ਹੀ ਮਹਿਸੂਸ ਕਰ ਸਕਦੇ ਹੋ। ਅਸੀਂ ਆਪਣੇ ਕੈਂਪਸ ਨੂੰ ਦੇਸ਼ ਦਾ ਸਭ ਤੋਂ ਸੋਹਣਾ ਕੈਂਪਸ

ਬਣਾਉਣ ਦਾ ਟੀਚਾ ਮਿਥਿਆ ਹੈ। ਸਾਨੂੰ ਸਵੱਛਤਾ ਮਿਸ਼ਨ ਨਾਲ ਪੂਰੀ ਸ਼ਿੱਦਤ ਨਾਲ ਜੁੜਨ ਦੀ ਜ਼ਰੂਰਤ ਹੈ।

- ਵਿਦਿਆਰਥੀਆਂ ਦੀ ਤਰ੍ਹਾਂ ਹੀ, ਅਧਿਆਪਕਾਂ ਅਤੇ ਕਰਮਚਾਰੀਆਂ ਨਾਲ ਵੀ ਸਿੱਧਾ ਸੰਵਾਦ ਕਰਨ ਵਿਚ ਮੇਰਾ ਪੂਰਾ ਯਕੀਨ ਹੈ। ਹਰ ਵਿਭਾਗ ਦਾ ਭਰਸਾ ਜਿੱਤਣਾ ਤੇ ਕਰਮਚਾਰੀਆਂ ਦੀ ਤਾਕਤ ਨੂੰ ਅੱਗੇ ਵਧਾਉਣਾ ਮੇਰੀ ਕੋਸ਼ਿਸ਼ ਰਹੇਗੀ। ਸਾਰੇ ਵਿਭਾਗਾਂ ਤੋਂ ਮੈਨੂੰ ਪੂਰਾ ਸਹਿਯੋਗ ਮਿਲ ਰਿਹਾ ਹੈ, ਇਸ ਲਈ ਮੈਂ ਉਥੇ ਨਵਾਂ ਪ੍ਰੋਜੈਕਟ ਲਿਆਉਣ ਤੇ ਨਵੀਆਂ ਚੇਅਰਜ਼ ਸਥਾਪਿਤ ਕਰਨ ਲਈ ਯਤਨਸ਼ੀਲ ਹਾਂ।
- ਖੋਜ (ਰਿਸਰਚ) ਸਾਡਾ ਮਜ਼ਬੂਤ ਪੱਖ ਹੈ। ਉਸ ਨੂੰ ਅੰਤਰ-ਰਾਸ਼ਟਰੀ ਪੱਧਰ ਤੇ ਲਿਆਉਣ ਲਈ ਸਾਨੂੰ ਅਜੇ ਹੋਰ ਮਿਹਨਤ ਕਰਨੀ ਪਵੇਗੀ। ਇਸ ਦਿਸ਼ਾ ਵਿਚ ਭਾਵੇਂ ਅਸੀਂ ਕੰਮ ਸ਼ੁਰੂ ਕਰ ਦਿੱਤੇ ਹਨ ਤੇ ਹੋਰ ਕਈ ਯੁਨੀਵਰਸਿਟੀਆਂ ਨਾਲ ਸਾਡੇ ਸਮਝੌਤੇ ਵੀ ਹੋਏ ਹਨ। ਉਮੀਦ ਕਰਦੇ ਹਾਂ ਕਿ ਆਉਣ ਵਾਲੇ ਸਮੇਂ ਵਿਚ ਸਾਨੂੰ ਕੁਝ ਉਸਾਰੂ ਨਤੀਜੇ ਦੇਖਣ ਨੂੰ ਮਿਲਣਗੇ।
- ਪੰਜਾਬ ਯੂਨੀਵਰਸਿਟੀ ਦੇ ਅਲਯੂਮਿਨੀ ਬੇਸ ਨੂੰ ਵੀ ਪੂਰਾ ਸਗਠਿਤ ਕਰਨ ਦੀ ਜ਼ਰੂਰਤ ਹੈ। ਸਾਡੇ ਅਲਯੂਮਿਨੀ ਹਰ ਖੇਤਰ ਵਿਚ ਆਪਣੀ ਪਹਿਚਾਣ ਕਾਇਮ ਕਰ ਚੁੱਕੇ ਹਨ। ਸਾਡੇ ਇਕ ਪੁਰਾਣੇ ਵਿਦਿਆਥੀ **ਸੁਨੀਲ ਅਰੋੜਾ** ਨੇ ਦੇਸ਼ ਦੇ **ਮੁਖ ਚੋਣ ਕਮਿਸ਼ਨਰ** ਦੀ ਜ਼ਿੰਮੇਦਾਰੀ ਸੰਭਾਲੀ ਹੈ ਅਤੇ ਸਾਨੂੰ ਉਮੀਦ ਹੈ ਕਿ ਸਾਡੇ ਅਲਯੂਮਿਨੀ ਸਾਡੀ ਯੂਨੀਵਰਸਿਟੀ ਦੀ ਤਰੱਕੀ ਵਿਚ ਵੱਧ ਚੜ੍ਹ ਕੇ ਹਿੱਸਾ ਪਾਉਣਗੇ।
- ਕੇਂਦਰੀ ਸਰਕਾਰ ਦੇ ਨਵੇ ਫੈਸਲਿਆਂ ਮੁਤਾਬਿਕ, ਹੇਠਲੇ ਤੇ ਮੱਧ ਵਰਗ ਦੇ ਲੋੜਵਦ ਤਬਕੇ ਨੂੰ ਯਨੀਵਰਸਿਟੀ ਵਿਚ ਰਿਜ਼ਰਵੇਸ਼ਨ ਦੇਣ ਦੀ ਅਸੀਂ ਤਿਆਰੀ ਕਰ ਲਈ ਹੈ ਤੇ ਸਾਨੂੰ ਕੇਂਦਰ ਵਲੋਂ ਇਸ ਸੰਬੰਧੀ ਆਰਥਿਕ ਮਦਦ ਦੇਣ ਦਾ ਭਰਸਾ ਵੀ ਮਿਲਿਆ ਹ।
- ਮੈਂ ਪਿਛਲੇ ਛੇ ਮਹੀਨਿਆਂ ਤੋਂ ਯੂਨੀਵਰਸਿਟੀ ਦੇ ਆਰਥਿਕ ਸੰਕਟ ਨੂੰ ਲੈ ਕੇ ਯੂ.ਜੀ.ਸੀ. ਅਤੇ ਐਮ.ਐਚ.ਆਰ.ਡੀ. ਦੇ ਮਹਿਕਮਿਆਂ ਨਾਲ ਲਗਾਤਾਰ ਸੰਪਰਕ ਵਿਚ ਹਾਂ। ਮੈਨੂੰ ਯਕੀਨ ਹੈ ਕਿ ਇਸ ਮਸਲੇ ਵਿਚ ਸਾਨੂੰ ਬਣਦੀ ਸਫ਼ਲਤਾ ਜ਼ਰੂਰ ਮਿਲੇਗੀ। ਸਾਡੀ ਯੂਨੀਵਰਸਿਟੀ ਦੇ ਨੌਜਵਾਨ ਅਧਿਆਪਕਾਂ ਦੀ ਪੀ.ਐਚ.ਡੀ. ਦੀ ਇੰਕਰੀਮੈਂਟ ਦਾ ਲਟਕਿਆ ਮੁੱਦਾ ਆਖਿਰ ਅਸੀਂ ਹੱਲ ਕਰਨ ਦੇ ਵਿਚ ਸਫਲ ਹੋ ਗਏ ਹਾਂ।
- ਐਮ.ਐਚ.ਆਰ.ਡੀ. ਨੇ **ਰੂਸਾ** ਤਹਿਤ ਕੁੜੀਆਂ ਦਾ ਹੋਸਟਲ ਬਣਾਉਣ ਹਿੱਤ 5 **ਕਰੋੜ** ਅਤੇ ਫ਼ੈਕਲਟੀ ਵਿਕਾਸ ਦੇ ਲਈ 7 **ਕਰੋੜ** ਮਨਜ਼ੂਰ ਕਰ ਦਿੱਤੇ ਹਨ।

- ਐਮ.ਐਚ.ਆਰ.ਡੀ. ਨੇ ਪੰਜਾਬ ਯੂਨੀਵਰਸਿਟੀ ਨੂੰ 'ਸੈਂਟਰ ਫ਼ਾਰ ਅਕੈਡੇਮਿਕ ਲੀਡਰਸ਼ੀਪ ਐਂਡ ਐਜੁਕੇਸ਼ਨਲ ਮੈਨੇਜਮੈਂਟ' ਦੀ ਸਥਾਪਨਾ ਵਾਸਤੇ 6.63 ਕਰੋੜ ਦੀ ਰਾਸ਼ੀ ਵੀ ਮਨਜ਼ੂਰ ਕਰ ਦਿੱਤੀ ਹੈ।
- ਯੁਵਾ ਮਾਮਲੇ ਅਤੇ ਖੇਡ ਮਹਿਕਮੇ ਦੇ 'ਖੇਲੋ ਇਡੀਆ ਟੈਲੇਂਟ ਡਵੈਲਪਮੈਂਟ ਪ੍ਰੋਗ੍ਰਾਮ' ਦੇ ਤਹਿਤ ਸਾਡੀ ਯੂਨੀਵਰਸਿਟੀ ਨੂੰ ਤੈਰਾਕੀ ਦੇ ਵਾਸਤੇ ਮਾਨਤਾ ਮਿਲੀ ਜਦਕਿ ਇਸੇ ਪ੍ਰੋਗਰਾਮ ਤਹਿਤ ਦਸ਼ਮੇਸ਼ ਕਾਲਜ, ਬਾਦਲ ਨੂੰ ਨਿਸ਼ਾਨੇਬਾਜੀ ਦੀ ਖੇਡ ਲਈ ਚੁਣਿਆ ਗਿਆ ਜਿੱਥੋਂ ਦੀ ਸ਼ੁਟਰ ਅਵਨੀਤ ਕੌਰ ਸਿਧੂ 'ਅਰਜੁਨ ਪੁਰਸਕਾਰ' ਨਾਲ ਸਨਮਾਨਿਤ ਹੋ ਚੁੱਕੀ ਹੈ।
- ਜੇਕਰ ਮੈਂ ਆਪਣੇ ਵਿਦਿਆਰਥੀਆਂ, ਅਧਿਆਪਕਾਂ ਅਤੇ ਕਰਮਚਾਰੀਆਂ ਦੀਆਂ ਪ੍ਰਾਪਤੀਆਂ ਦੀ ਲਿਸਟ ਪੜ੍ਹਾਂਗਾ ਤਾਂ ਬਹੁਤ ਵਕਤ ਲੱਗ ਜਾਵੇਗਾ। ਇਸ ਲਈ ਤੁਹਾਨੂੰ ਸਭ ਨੂੰ ਵਧਾਈ ਦਿੰਦਾ ਹੋਇਆ, ਇਹ ਆਸ ਕਰਦਾ ਹਾਂ ਕਿ ਇਹ ਸਾਰੀਆਂ ਪ੍ਰਾਪਤੀਆਂ ਬਾਕੀ ਸਾਰਿਆਂ ਨੂੰ ਵੀ ਬਿਹਤਰ ਕੰਮ ਕਰਨ ਲਈ ਪ੍ਰੇਰਿਤ ਕਰਨਗੀਆਂ।
- ਅੱਜ ਦੇ ਗਣਤੰਤਰ ਦਿਵਸ ਦੇ ਪ੍ਰੋਗਰਾਮ ਵਿਚ ਸ਼ਾਮਿਲ ਕੈਡੇਟਸ, ਸਭਿਆਚਾਰਕ ਪ੍ਰੋਗਰਾਮਾਂ ਵਿਚ ਸ਼ਾਮਲ ਹੋਏ ਬੱਚੇ, ਪਰੇਡ ਵਿਚ ਸ਼ਾਮਿਲ ਹੋਏ ਸੁਰੱਖਿਆ ਕਰਮਚਾਰੀਆਂ ਨੂੰ ਮੈਂ ਵਧਾਈ ਦਿੰਦਾ ਹਾਂ।
- ਅਜਿਹਾ ਨਹੀਂ ਕਿ ਸਾਡੇ ਰਸਤਿਆਂ ਵਿਚ ਮੁਸ਼ਕਿਲਾਂ ਨਹੀਂ ਹਨ। ਅਸੀਂ ਸਾਰੇ ਜਾਣਦੇ ਹਾਂ ਕਿ ਸਾਡੀ ਯੂਨੀਵਰਸਿਟੀ ਪਿਛਲੇ ਕੁਝ ਸਾਲਾਂ ਤੋਂ ਔਖੀਆਂ ਘੜੀਆਂ ਵਿਚੋਂ ਲੰਘੀ ਹੈ। ਮੈਂ ਉਹਨਾਂ ਸਾਰੇ ਕਾਰਨਾ ਨੂੰ ਜਾਣਨਾ ਨਹੀਂ ਚਾਹੁੰਦਾ, ਬਸ ਤੁਹਾਨੂੰ ਯਕੀਨ ਦਵਾਉਣਾ ਚਾਹੁੰਦਾ ਹਾਂ ਕਿ ਮੈਨੂੰ ਤੁਹਾਡੀ ਹਰ ਮੁਸ਼ਕਿਲ ਦੀ ਜਾਣਕਾਰੀ ਹੈ ਤੇ ਮੇਰੇ ਵਲੋਂ ਉਹਨਾਂ ਦੇ ਹੱਲ ਵਾਸਤੇ ਕੋਈ ਕਸਰ ਬਾਕੀ ਨਹੀਂ ਰਹੇਗੀ।

ਵਕਤ ਆਨੇ ਦੇ ਬਤਾ ਦੇਂਗੇ ਤੁਝੇ ਐ ਆਸਮਾਂ,
ਹਮ ਅਭੀ ਸੇ ਕਿਆ ਬਤਾਏਂ, ਕਿਆ ਹਮਾਰੇ ਦਿਲ ਮੇਂ ਹੈ। (ਬਿਸਮਿਲ ਅਜ਼ੀਮਾਬਾਦੀ)

ਜੈ ਹਿੰਦ